# ਪੰਜਾਬ ਸਕੂਲ ਸਿੱਖਿਆ ਬੋਰਡ

## ਪਾਠ ਕ੍ਰਮ– ਪਹਿਲੀ ਤੋਂ ਪੰਜਵੀਂ ਸ਼੍ਰੇਣੀ

## ਸੈਸ਼ਨ–2019-20

# ਪੜ੍ਹਾਈ ਸਕੀਮ (ਪਹਿਲੀ ਤੋਂ ਪੰਜਵੀਂ ਸ਼੍ਰੇਣੀ)

i. ਪਹਿਲੀ ਭਾਸ਼ਾ (ਪੰਜਾਬੀ/ਹਿੰਦੀ/ਉਰਦੂ)

ii. ਦੂਜੀ ਭਾਸ਼ਾ (ਚੌਥੀ ਸ਼੍ਰੇਣੀ ਤੋਂ) (ਪੰਜਾਬੀ/ਹਿੰਦੀ)

iii. ਅੰਗਰੇਜ਼ੀ

iv. ਗਣਿਤ

v. ਵਾਤਾਵਰਨ ਸਿੱਖਿਆ

vi. ਸਿਹਤ ਅਤੇ ਸਰੀਰਿਕ ਸਿੱਖਿਆ (ਕ੍ਰਿਆਤਮਕ)

# ਤੀਜੀ ਸੂਚੀ

## ਸ਼੍ਰੇਣੀ ਤੀਜੀ

## 1. ਪੰਜਾਬੀ (ਪਹਿਲੀ ਭਾਸ਼ਾ)

1. **ਪੜ੍ਹਨਾ**

(ੳ) ਵਿਦਿਆਰਥੀ ਪੰਜਾਬੀ ਦੀਆਂ ਸਰਲ ਤੇ ਨਿੱਕੀਆਂ ਕਹਾਣੀਆਂ, ਕਵਿਤਾਵਾਂ ਅਤੇ ਲੇਖ ਆਦਿ ਪੜ੍ਹ ਸਕੇ।

(ਅ) ਢੁਕਵੇਂ ਉਚਾਰਨ, ਠਹਿਰਾਅ, ਦਬਾਅ ਅਤੇ ਤਾਨ ਨਾਲ਼ ਪਾਠ-ਪੁਸਤਕਾਂ ਵਿਚਲੇ ਰਚਨਾ-ਅੰਸ਼ਾਂ ਨੂੰ ਉੱਚੀ ਬੋਲ ਕੇ ਪੜ੍ਹ ਸਕੇ।

(ੲ) ਚੁੱਪ-ਚਾਪ ਮੂੰਹ ਵਿੱਚ ਹੀ ਲੁੜੀਂਦੀ ਗਤੀ ਨਾਲ਼ ਪੜ੍ਹ ਸਕੇ।

(ਸ) ਸਾਫ਼-ਸਾਫ਼ ਲਿਖੀ ਹੋਈ ਸਰਲ ਹੱਥ-ਲਿਖਤ ਪੜ੍ਹ ਸਕੇ।

2. **ਗ੍ਰਹਿਣ ਕਰਨਾ**

(i) **ਸੁਣ ਕੇ**

(ੳ) ਵਿਦਿਆਰਥੀ ਕਿਸੇ ਦੂਜੇ ਵਿਦਿਆਰਥੀ ਦੁਆਰਾ ਪੜ੍ਹੇ ਪਾਠ ਨੂੰ ਸੁਣ ਕੇ ਸਮਝ ਸਕੇ।

(ਅ) ਸ਼੍ਰੇਣੀ ਵਿੱਚ ਅਧਿਆਪਕ ਦੀ ਸੰਥਿਆ ਨੂੰ ਸਮਝ ਸਕੇ।

(ੲ) ਸ਼੍ਰੇਣੀ ਜਾਂ ਸਕੂਲ ਵਿੱਚ ਸੁਣਾਏ ਚੁਟਕਲੇ, ਕਹਾਣੀਆਂ, ਕਵਿਤਾਵਾਂ ਆਦਿ ਸੁਣ ਕੇ ਸਮਝ ਸਕੇ।

(ਸ) ਖ਼ਾਸ ਗੱਲ-ਬਾਤ ਨੂੰ ਸੁਣ ਕੇ ਸਮਝ ਸਕੇ।

(ਹ) ਟੈਲੀਵੀਜ਼ਨ ਜਾਂ ਰੇਡੀਓ ਤੋਂ ਬੱਚਿਆਂ ਲਈ ਪ੍ਰਸਾਰਿਤ ਕੀਤੇ ਜਾਣ ਵਾਲ਼ੇ ਵੇਖੇ, ਸੁਣੇ ਪ੍ਰੋਗ੍ਰਾਮ ਨੂੰ ਸਮਝ ਸਕੇ।

(ii) **ਪੜ੍ਹ ਕੇ**

(ੳ) ਵਿਦਿਆਰਥੀ ਆਪਣੀ ਪਾਠ-ਪੁਸਤਕ ਵਿਚਲੀ ਕਹਾਣੀ ਨੂੰ ਪੜ੍ਹ ਕੇ ਉਹਨਾਂ ਵਿਚਲੇ ਘਟਨਾ-ਕ੍ਰਮ ਨੂੰ ਸਮਝ ਸਕੇ ।

(ਅ) ਆਪਣੀ ਪਾਠ-ਪੁਸਤਕ ਦੇ ਪਾਠਾਂ ਨੂੰ ਪੜ੍ਹ ਕੇ ਉਹਨਾਂ ਵਿਚਲੇ ਭਾਵਾਂ ਨੂੰ ਗ੍ਰਹਿਣ ਕਰ ਸਕੇ ।

(ੲ) ਪਾਠ-ਪੁਸਤਕ ਦੇ ਪਾਠਾਂ ਨੂੰ ਪੜ੍ਹ ਕੇ ਉਹਨਾਂ ਸੰਬੰਧੀ ਪੁੱਛੇ ਗਏ ਸਧਾਰਨ ਪ੍ਰਸ਼ਨਾਂ ਦੇ ਉੱਤਰ ਦੇਣ ਦੇ ਯੋਗ ਹੋ ਸਕੇ ।

(ਸ) ਵਿਸਰਾਮ-ਚਿੰਨ੍ਹਾਂ ਨੂੰ ਸਮਝਦੇ ਹੋਏ, ਲਿਖਤ ਵਿੱਚ ਪ੍ਰਗਟਾਏ ਹੈਰਾਨੀ ਤੇ ਖ਼ੁਸ਼ੀ ਆਦਿ ਦੇ ਭਾਵਾਂ ਨੂੰ ਸਮਝ ਸਕੇ ।

3. **ਪ੍ਰਗਟਾਅ**

(i) **ਮੌਖਿਕ**

(ੳ) ਵਿਦਿਆਰਥੀ ਪਾਠ-ਪੁਸਤਕ ਵਿਚਲੇ ਪੜ੍ਹੇ ਪਾਠ ਬਾਰੇ ਨਿੱਕੇ ਤੇ ਸਰਲ ਪ੍ਰਸ਼ਨਾਂ ਦੇ ਉੱਤਰ ਦੇ ਸਕੇ ।

(ਅ) ਪੜ੍ਹੀ ਜਾਂ ਸੁਣੀ ਹੋਈ ਕਿਸੇ ਕਹਾਣੀ ਨੂੰ ਦੁਬਾਰਾ ਆਪਣੇ ਸ਼ਬਦਾਂ ਵਿੱਚ ਸੁਣਾ ਸਕੇ ।

(ੲ) ਆਪਣੇ ਸਾਥੀ ਵਿਦਿਆਰਥੀ ਨਾਲ਼ ਬਿਨਾਂ ਝਿਜਕ ਗੱਲ-ਬਾਤ ਕਰ ਸਕੇ।

(ਸ) ਆਪਣੀ ਪਾਠ-ਪੁਸਤਕ ਵਿੱਚੋਂ ਕੋਈ ਕਵਿਤਾ ਜਾਂ ਗੀਤ ਸੁਣਾ ਸਕੇ।

(ii) **ਲਿਖਤੀ**

(ੳ) ਵਿਦਿਆਰੀ ਪਾਠ-ਅਭਿਆਸਾਂ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖ ਸਕੇ।

(ਅ) ਦਿੱਤੇ ਸ਼ਬਦਾਂ ਵਿੱਚੋਂ ਢੁਕਵੇਂ ਸ਼ਬਦ ਚੁਣ ਕੇ ਵਾਕਾਂ ਵਿਚਲੀਆਂ ਖ਼ਾਲੀ ਥਾਂਵਾਂ ਭਰ ਸਕੇ।

(ੲ) ਕਿਸੇ ਦੂਜੇ ਦੁਆਰਾ ਬੋਲੇ ਗਏ ਸਰਲ ਸ਼ਬਦਾਂ ਅਤੇ ਵਾਕਾਂ ਨੂੰ ਸੁਣ ਕੇ ਸ਼ਬਦ-ਜੋੜਾਂ ਪੱਖੋਂ ਸ਼ੁੱਧ ਲਿਖ ਸਕੇ।

(ਸ) ਲਿਖਣ ਵੇਲ਼ੇ ਪੂਰਨ ਵਿਸਰਾਮ-ਚਿੰਨ੍ਹ, ਕਾਮਾ, ਪ੍ਰਸ਼ਨਵਾਚਕ-ਚਿੰਨ੍ਹ, ਵਿਸਮਕ-ਚਿੰਨ੍ਹ ਅਤੇ ਪੁੱਠੇ-ਸਿੱਧੇ ਕਾਮਿਆਂ ਦੀ ਢੁਕਵੀਂ ਵਰਤੋਂ ਕਰਨ ਦੇ ਯੋਗ ਹੋ ਸਕੇ।

(ਹ) ਪਾਠ-ਪੁਸਤਕ ਵਿੱਚੋਂ ਦਿਲਚਸਪ ਪੈਰੇ ਜਾਂ ਆਪਣੀ ਮਨਪਸੰਦ ਕਵਿਤਾ ਦੀਆਂ ਤੁਕਾਂ ਨੂੰ ਸੋਹਣੀ ਲਿਖਾਈ ਵਿੱਚ ਲਿਖ ਸਕੇ ।

(ਕ) ਪੜ੍ਹੀ ਹੋਈ ਸਮਗਰੀ ਵਿੱਚੋਂ ਪੁੱਛੇ ਗਏ ਸ਼ਬਦਾਂ ਦੇ ਵਿਰੋਧਾਰਥਕ, ਸਮਾਨਾਰਥਕ ਸ਼ਬਦ ਲਿਖ ਸਕੇ ਅਤੇ ਲਿੰਗ ਬਦਲਣ, ਬਹੁਵਚਨ ਬਣਾਉਣ ਬਾਰੇ ਪੁੱਛੇ ਪ੍ਰਸ਼ਨਾਂ ਦੇ ਉੱਤਰ ਦੇ ਸਕੇ ।

**4. ਲਿਖਤ ਰਚਨਾ**

ਵਿਦਿਆਰਥੀ ਹੇਠ ਲਿਖੇ ਵਿਸ਼ਿਆਂ ਬਾਰੇ 8-1● ਵਾਕ ਲਿਖ ਸਕੇ।

ਮੇਰਾ ਘਰ, ਮੇਰਾ ਅਧਿਆਪਕ, ਮੇਰਾ ਸਕੂਲ, ਮੇਰਾ ਮਿੱਤਰ, ਮੇਰਾ ਬਸਤਾ ਆਦਿ।

**ਨਿਯਤ ਪਾਠ-ਪੁਸਤਕਾਂ**

1. **ਪੰਜਾਬੀ ਪੁਸਤਕ**-3

**ਪ੍ਰਕਾਸ਼ਕ:- ਪੰਜਾਬ ਸਕੂਲ ਸਿੱਖਿਆ ਬੋਰਡ**

कक्षा : 3

## 2. हिंदी (प्रथम भाषा)

**मौखिक अभिव्यक्ति :**

**विद्यार्थी :**

1 अपने साथियों या बड़ों से बातचीत करते समय शिष्ट शब्दावली का प्रयोग करे;

2 याद की हुई कहानी या कविता को प्रभावशाली ढंग से सुना सके;

3 सुनी या पढ़ी हुई कहानियों में से कम से कम पाँच कहानियाँ अपने शब्दों में ठीक तरह से सुना सके ।

4 निजी अनुभवों को कहानी के रूप में सुना सके;

5 आँखों देखी घटनाओं का वर्णन कर सके;

6 साधारण और स्पष्ट भाषा में नित्य–प्रति के कामों के बारे में बता सके;

7 उचित ठहराव और हाव–भाव प्रकट करने वाले बोली के ढंगों, विराम–चिह्नों आदि का प्रयोग करते हुए बोली के मानक रूप का प्रयोग कर सके ।

**पढ़ाई :**

1 उचित उच्चारण, ठहराव और बल आदि के साथ पाठ्य – पुस्तक के अनुच्छेदों को ऊँचा बोलकर पढ़ सके;

2 चुपचाप मुँह में पढ़ सके;

3 एक या दो पूरक –रीडर पढ़ने के योग्य हो सके;

4 200 से 250 तक नए शब्द सीख सके ।

**लिखाई** : विद्यार्थी में निम्नलिखित योग्यताओं का विस्तार करना :

1 साधारण शब्दों और वाक्यों को पाठ्य– पुस्तक में से चुनकर लिखना;

2 परिचित वाक्यों में खाली स्थानों की पूर्ति करना;

3 नए शब्दों का वाक्यों में प्रयोग करना ;

4 दैनिक जीवन में घटित घटनाओं को साधारण वाक्यों में लिखना;

5 मेरा घर, मेरा अध्यापक, मेरा मित्र, मेरा स्कूल आदि से सम्बन्धित विषयों के प्रति रूचि बढ़ाना और उन्हें छोटे–छोटे क्रमबद्ध वाक्यों में लिखना ।

**पाठ्य – पुस्तक : हिंदी पुस्तक – 3**

**(पंजाब स्कूल शिक्षा बोर्ड द्वारा प्रकाशित )**

# 3. ਉਰਦੂ

3

## Punjab School Education Board

S.A.S Nagar, Mohali

Syllabus of Urdu (Class 3rd)

---

نصابی کتاب:۔ابتدائی اردو(پہلی جماعت کے لیے اردو کی درسی کتاب)

شائع کردہ: N.C.E.R.T., DELHI

کل نمبر: 50 — وقت: 2 گھنٹے

نوٹ:اس نصاب میں سبق نمبر 13 سے سبق نمبر 27 تک شامل ہوں گے۔

| | | |
|---|---|---|
| I | کتاب میں سے دی گئی عبارت یا پیراگراف کو خوشخط لکھنا۔ | 5 |
| II | ''الف'' اور ''ب'' کے تحت دیئے گئے لفظوں کا صحیح جوڑ ملانا۔ | 5 |
| III | بریکٹ میں دیئے گئے صحیح حرف کی مدد سے لفظ مکمل کرنا۔ | 5 |
| IV | تین یا چار حروف کو ملا کر لفظ بنانا۔ | 5 |
| V | تین یا چار حروف والے لفظوں کے حروف کو الگ الگ لکھنا۔ | 5 |
| VI | پانچ جانوروں یا پرندوں یا پھلوں کے نام لکھنا۔ | 5 |
| VII | اردو میں 20 تک گنتی لکھنا۔ | 10 |
| VIII | جسم کے پانچ حصّوں کے نام لکھنا۔ | 5 |
| IX | پانچ رنگوں کے نام لکھنا۔ | 5 |

**Class III**

**4. English**

| Suggested Pedagogical Processes | Learning Outcomes |
|---|---|
| **The learner may be provided opportunities pair/group/ individually and encouraged to:**<br>➢ sing songs/ recite poems in English with intonation.<br>➢ participate in role-play.<br>➢ reads aloud short texts with proper pause.<br>➢ listen to instructions, commands and respond accordingly.<br>➢ read books to develop reading habits and to encourage independent reading in English.<br>➢ read posters, sign boards, labels, etc.<br>➢ take dictation of words / phrases / sentences from known and unknown texts.<br>➢ draw and write short sentences related to stories.<br>➢ frame sentences from the words given in the form of grid to develop a sense of sentence structure.<br>➢ enrich vocabulary in English through listening to and reading stories and poems.<br>➢ use new vocabulary correctly while speaking and composing short texts.<br>➢ use nouns, pronouns, adjectives and prepositions in speech and writing.<br>➢ understand terms such as 'add', 'skip, time, money, age etc., that they come across in Maths, and words such as 'oxygen', plants, seeds, seasons in EVS.<br>➢ identify opposites used in communication, for example 'tall/ short', 'inside/outside', 'fat/thin' etc. | **The learner:**<br>• recites poems individually/ in groups with proper gestures and intonation.<br>• Expresses himself/herself during activities, role play or enactment of stories.<br>• reads aloud the given text with appropriate pronunciation and pause.<br>• comprehends small texts and able to answer the questions based on it.<br>• Expresses his/her opinion/ understanding about the story and characters in the story, in English/ home language.<br>• responds appropriately to oral messages and conversation.<br>• writes dictation of words / phrases / sentences.<br>• uses meaningful short sentences in English, orally and in writing, uses a variety of nouns, pronouns,verbs adjectives and prepositions in context as compared to previous class.<br>• identifies opposites like 'day/night', 'sweet/sour', and such others.<br>• uses punctuation such as question mark, full stop and capital letters appropriately.<br>• reads print scripts on the classroom walls/ charts etc.<br>• writes sentences in English using visual clues.<br>• uses vocabulary related to Maths like number names, EVS like plants, oxygen, seeds etc., relevant to class III. |

**Contents**


1. Me and My Family
2. A Visit to A Park
3. Trees
4. The Clock- My Friend
5. A Bear and A Rabbit
6. Lazy Param
7. The Swing
8. Going to Market


**Book prescribed by Punjab School Education Board**

**RAINBOW (English class-III)**

## ਸ਼੍ਰੇਣੀ ਤੀਜੀ
## 5. ਗਣਿਤ

**ਸਮਾਂ: 3 ਘੰਟੇ**

**ਰੇਖਾ ਗਣਿਤ**

**(ਆਕ੍ਰਿਤੀਆਂ ਅਤੇ ਇਹਨਾਂ ਦਾ ਵਿੱਥਮਈ ਗਿਆਨ)**

- ਕਾਗਜ ਨੂੰ ਕੱਟ ਕੇ, ਮੋੜ ਕੇ, ਵੱਖ-ਵੱਖ ਆਕ੍ਰਿਤੀਆਂ ਬਨਾਉਣਾ ।
- 2 ਪਸਾਰੀ ਆਕ੍ਰਿਤੀਆਂ ਦੀ ਪਹਿਚਾਣ।
- ਵੱਖ-ਵੱਖ 2-ਪਸਾਰੀ ਆਕ੍ਰਿਤੀਆਂ ਦੀਆਂ ਭੁਜਾਵਾਂ, ਕਿਨਾਰੇ ਅਤੇ ਵਿਕਰਣ ਦਾ ਗਿਣਤੀ ਦੁਆਰਾ ਵਰਨਣ।
- ਬਿੰਦੂ-ਜੰਗਲੇ (Dot grid) ਦੀ ਸਹਇਤਾ ਨਾਲ਼, ਸਿੱਧੀ ਰੇਖਾ , ਵਕਰ ਰੇਖਾ ਦੁਆਰਾ ਵੱਖ-ਵੱਖ ਆਕ੍ਰਿਤੀਆਂ ਬਨਾਉਣਾ ।
- ਚੀਨੀ ਅੜਾਉਨੀ (Tangram) ਟੁੱਕੜੀਆਂ ਰਾਹੀਂ ਵੱਖ-ਵੱਖ ਆਕ੍ਰਿਤੀਆਂ ਬਨਾਉਣਾ।
- ਦੋ 2-ਪਸਾਰੀ ਆਕ੍ਰਿਤੀਆਂ ਦਾ ਉਨ੍ਹਾਂ ਦੀਆਂ ਭੁਜਾਵਾਂ ਅਤੇ ਕੋਨਿਆਂ ਦੇ ਅਧਿਐਨ ਰਾਹੀਂ ਵਿਸ਼ੇਸਤਾਵਾਂ ਦਾ ਮਿਲਾਣ ਕਰਨਾ।
- ਦਿੱਤੇ ਹੋਏ ਖੇਤਰ ਵਿੱਚ ਖਾਸ ਕਿਸਮ ਦੀਆਂ ਟਾਈਲਾਂ ਦੁਆਰਾ ਟਾਈਲਾਂ ਲਗਾਉਣਾ ।
- ਵੱਖ-ਵੱਖ ਆਕ੍ਰਿਤੀਆਂ ਦਾ ਟਾਈਲਾਂ ਅਤੇ ਬਿਨਾਂ ਟਾਈਲਾਂ ਦੇ ਖੇਤਰਫਲਾਂ ਅਨੁਸਾਰ ਵਰਗੀਕਰਣ ਕਰਨਾ।
- ਨਕਸ਼ੇ ਦਾ ਅੰਤਰ -ਗਿਆਨ, ਸਧਾਰਨ ਨਕਸ਼ੇ ਨੂੰ ਪੜ੍ਹਨਾ।
- ਤਿੰਨ-ਪਸਾਰੀ ਆਕ੍ਰਿਤੀਆਂ ਬਣਾਉਣੀਆਂ।

**ਸੰਖਿਆਵਾਂ(1000 ਤੱਕ ਸੰਖਿਆ ਪ੍ਰਣਾਲੀ )**

ਤਿੰਨ ਅੰਕਾਂ ਵਾਲੀ ਸੰਖਿਆ ਨੂੰ ਪੜ੍ਹਨਾ ਅਤੇ ਲਿਖਣਾ , ਸੰਖਿਆਂ ਦਾ ਸਥਾਨਕ ਮੁੱਲ ਅਨੁਸਾਰ ਵਿਸਥਾਰ ਕਰਨਾ, ਕਿਸੇ ਵੀ ਸੰਖਿਆ ਤੋਂ ਸ਼ੁਰੂ ਕਰਕੇ ਵੱਖ-ਵੱਖ ਤਰੀਕੇ ਰਾਹੀਂ ਗਿਣਤੀ ਕਰਨਾ। ਸੰਖਿਆਵਾਂ ਦੀ ਤੁਲਨਾ ਕਰਨਾ। ਦਿੱਤੇ ਅੰਕਾਂ ਤੋਂ ਵੱਡੀ-ਤੋਂ -ਵੱਡੀ ਸੰਖਿਆ ਅਤੇ ਛੋਟੀ ਤੋਂ ਛੋਟੀ ਸੰਖਿਆ ਪ੍ਰਾਪਤ ਕਰਨਾ।

**ਜੋੜ ਅਤੇ ਘਟਾਓ**

- ਦੋ ਸੰਖਿਆਵਾਂ ਨੂੰ ਸਮੂਹੀਕਰਣ ਕਰਕੇ ਅਤੇ ਬਿਨਾਂ ਸਮੂਹੀਕਰਨ ਕੀਤੇ, ਜੋੜ ਅਤੇ ਘਟਾਓ ਲੰਬਾਤਮਕ ਰੂਪ ਵਿੱਚ ਕਰਨਾ।
- ਸਥਾਨਕ ਮੁੱਲ ਦੀ ਵਰਤੋਂ ਕਰਦੇ ਹੋਏ ਹਾਸਲ ਸਮੇਤ ਜੋੜ ਅਤੇ ਘਟਾਓ ਕਰਨਾ।
- ਚਿੱਤਰ ਅਤੇ ਕਹਾਣੀ ਰਾਹੀਂ ਜੋੜ ਅਤੇ ਘਟਾਓ ਦੀਆਂ ਸੱਮਸਿਆਵਾਂ ਨੂੰ ਹੱਲ ਕਰਨਾ।
- ਜੋੜ ਅਤੇ ਘਟਾਓ ਤੱਥਾਂ ਨਾਲ਼ ਸੰਬੰਧਤ ਸੱਮਸਿਆਵਾਂ ਦਾ ਨਿਰਮਾਣ ਕਰਨਾ।
- ਦੋ ਦਿੱਤੇ ਅੰਕਾਂ ਵਿੱਚ ਜੋੜ ਅਤੇ ਘਟਾਓ ਦਾ ਅੰਦਾਜਾ ਲਗਾਉਣਾ।

**ਗੁਣਾ :-**

- ਗੁਣਾ ਦੇ ਸਿਧਾਂਤ ਨੂੰ ਵਿਸਥਾਰ ਪੂਰਵਕ ਸਮਝਾਉਣਾ ( ਦੁਹਰਾਓਂਦੇ ਜੋੜ ਦੇ ਰੂਪ ਵਿੱਚ)
- ਗੁਣਾ ਦੇ ਚਿੰਨ੍ਹ ਦੀ ਪਹਿਚਾਣ ਕਰਨਾ।
- 2,3,4,5 ਅਤੇ 10 ਦੇ ਪਹਾੜਿਆਂ ਦਾ ਨਿਰਮਾਣ ਕਰਨਾ।
- ਗੁਣਾ ਦੇ ਤੱਥਾਂ ਨੂੰ ਸੰਖਿਆਵਾਂ ਵਿੱਚ ਵਰਤਣਾ।
- ਦੋ ਅੰਕਾ ਵਾਲੀਆਂ ਸੰਖਿਆਵਾਂ ਨੂੰ ਗਿਣਨ ਵਿਧੀ ਦੀ ਵਰਤੋਂ ਕਰਦੇ ਹੋਏ ਗੁਣਾ ਕਰਨਾ ਅਤੇ ਜਾਲੀ ਨੁਮਾ ਗਿਣਨ ਵਿਧੀ ( lattice ) ਦੀ ਸਹਾਇਤਾ ਨਾਲ਼ ਗੁਣਾ ਕਰਨਾ।

**ਭਾਗ :-**

ਸਮੂਹ ਬਣਾ ਕੇ ਵੰਡ ਵਿਧੀ ਨੂੰ ਸਮਝਾਉਣਾ (ਬਰਾਬਰ ਗਰੁੱਪ ਬਣਾ ਕੇ ਅਤੇ ਵੰਡ ਕੇ), ਭਾਗ ਅਤੇ ਗੁਣਾ ਵਿੱਚ ਸੰਬੰਧ; ਸਮੂਹ ਬਣਾ ਕੇ ਅਤੇ ਪਹਾੜਿਆ ਦੀ ਵਰਤੋਂ ਰਾਹੀਂ ਭਾਗ ਵਿਧੀ ਸਮਝਾਉਣਾ।

**ਦਿਮਾਗੀ ਅੰਕ ਗਣਿਤ : -**

ਇੱਕ ਅੰਕ ਵਾਲੀ ਸੰਖਿਆ ਅਤੇ ਦੋ ਅੰਕਾਂ ਵਾਲੀਆਂ ਸੰਖਿਆਵਾਂ ਨੂੰ ਜ਼ੁਬਾਨੀ ਜੋੜਨਾ ਅਤੇ ਘਟਾਉਣਾ।

- ਦੋ ਅੰਕਾਂ ਵਾਲੀ ਸੰਖਿਆ ਨੂੰ ਜ਼ਬਾਨੀ ਦੁਗਣਾ ਕਰਨਾ। (ਉੱਤਰ ਦੋ ਅੰਕਾਂ ਤੋਂ ਵੱਧ ਨਾ ਹੋਵੇ)

**ਧਨ:-**

- ਖੇਡਣ ਵਾਲ਼ੇ ਧਨ ਨਾਲ਼ ਰੁਪਇਆਂ ਨੂੰ ਪੈਸਿਆਂ ਵਿੱਚ ਬਦਲਣਾ।
- ਧਨ ਦਾ ਜੋੜ ਅਤੇ ਘਟਾਓ ਕਾਲਮ ਵਿਧੀ ਦੀ ਵਰਤੋਂ ਕਰਦੇ ਹੋਏ ਅਤੇ ਧਨ ਦਾ ਘਟਾਓ ਬਿਨਾਂ ਸਮੂਹੀਕਰਣ ਕੀਤੇ।
- ਮੁੱਲ-ਸਾਰਣੀ ਅਤੇ ਲੇਖਾ-ਪਰਚੀ ਬਣਾਉਣਾ।

**ਮਾਪ**

**ਲੰਬਾਈ** :-

- ਮਿਆਰੀ ਇਕਾਈਆਂ ਦੀ ਵਰਤੋਂ ਦਾ ਮਹੱਤਵ।
- ਲੰਬਾਈ ਦੀ ਮਿਆਰੀ ਇਕਾਈ ਮੀਟਰ ਜਾਂ ਸੈਂਟੀਮੀਟਰ ਦੀ ਵਰਤੋਂ ਕਰਦੇ ਹੋਏ ਲੰਬਾਈ ਨੂੰ ਮਾਪਣਾ।
- ਕਿਸੇ ਵਸਤੂ ਦਾ ਮਿਆਰੀ ਰੂਪ ਵਿੱਚ ਲੰਬਾਈ ਦਾ ਅੰਦਾਜ਼ਾ ਲਗਾਉਣਾ ਅਤੇ ਪੈਮਾਇਸ਼ ਦੁਆਰਾ ਤਸਦੀਕ ਕਰਨਾ।
- ਫੁੱਟੇ ਦੀ ਵਰਤੋਂ ਕਰਨਾ।
- ਮੀਟਰ ਅਤੇ ਸੈਂਟੀਮੀਟਰ ਦੇ ਸੰਬੰਧ ਬਾਰੇ ਗਿਆਨ।

**ਭਾਰ (ਪੁੰਜ) :-**

- ਵਸਤੂਆਂ ਦਾ ਗੈਰ-ਮਿਆਰੀ ਢੰਗ ਨਾਲ਼ ਭਾਰ ਤੋਲਣਾ।
- ਭਾਰ(ਪੁੰਜ) ਸਰੱਖਿਅਣ ਦੇ ਸਿਧਾਂਤ ਦਾ ਮਹੱਤਵ।

**ਸਮਾਈ** :- ਗੈਰ ਮਿਆਰੀ ਤਰੀਕੇ ਨਾਲ਼ ਵੱਖ-ਵੱਖ ਬਰਤਨਾਂ ਦੀ ਸਮਾਈ ਨੂੰ ਮਾਪਣਾ **ਅਤੇ** ਤੁਲਨਾ ਕਰਨੀ, ਸਮਾਈ ਸਰੱਖਿਅਣ ਦੇ ਸਿਧਾਂਤ ਦਾ ਮਹੱਤਵ **।**

**ਸਮਾਂ** :- ਕੈਲੰਡਰ ਨੂੰ ਪੜ੍ਹਨਾ ਅਤੇ ਇੱਕ ਨਿਸ਼ਚਿਤ ਦਿਨ ਅਤੇ ਤਾਰੀਖ ਨੂੰ ਲੱਭਣਾ, ਸਮੇਂ ਨੂੰ ਘੰਟੇ ਅਨੁਸਾਰ ਠੀਕ ਤਰੀਕੇ ਨਾਲ਼ ਪੜ੍ਹਨਾ, ਵੱਖ-ਵੱਖ ਘਟਨਾਵਾਂ ਨੂੰ ਘਟਨਾਕਾਲ ਅਨੁਸਾਰ ਸੂਚੀਬੱਧ ਕਰਨਾ।

**ਅੰਕੜੇ ਬਣਾਉਣਾ**

- ਅੰਕੜਿਆਂ ਨੂੰ ਮਿਲਾਣ ਚਿੰਨ੍ਹਾਂ ਰਾਹੀਂ ਦਰਜ ਕਰਨਾ।
- ਅੰਕੜਿਆਂ ਨੂੰ ਇਕੱਠਾ ਕਰਨਾ ਅਤੇ ਚਿੱਤਰ ਚਿੰਨ੍ਹ ਰਾਹੀਂ ਅੰਕੜਿਆਂ ਨੂੰ ਦਰਸਾਉਣ ਲਈ ਠੀਕ ਪੈਮਾਨੇ ਅਤੇ ਇਕਾਈ ਦੀ ਵਰਤੋਂ ਕਰਨੀ।
- ਦਿੱਤੇ ਅੰਕੜਿਆਂ ਦਾ ਅਧਿਆਪਕ ਨਾਲ਼ ਸਲਾਹ-ਮਸ਼ਵਰਾ ਕਰਕੇ ਨਿਚੋੜ ਕੱਢਣਾ।

**ਪੈਟਰਨ (ਨਮੂਨਾ)**

- ਸਧਾਰਣ, ਸਮਮਿਤਈ ਆਕ੍ਰਿਤੀਆਂ ਅਤੇ ਨਮੂਨੇ ਦੀ ਪਹਿਚਾਣ ਕਰਨਾ।
- ਸਿੱਧੀ ਰੇਖਾ ਅਤੇ ਹੋਰ ਜਿਆਮਿਤੀ ਆਕ੍ਰਿਤੀਆਂ ਤੋਂ ਨਮੂਨੇ ਅਤੇ ਵੱਖ-ਵੱਖ ਡਿਜਾਇਨ ਬਣਾਉਣਾ।
- ਟਾਂਕ ਅਤੇ ਜਿਸਤ ਸੰਖਿਆਵਾਂ ਲਈ ਸੰਖਿਆ ਅੰਕ ਦੇ ਨਮੂਨੇ ਦੀ ਪਹਿਚਾਣ ਕਰਨਾ ਅਤੇ ਟਾਂਕ ਤੇ ਜਿਸਤ ਸੰਖਿਆਵਾਂ ਵਿੱਚ ਜੋੜਨਾ।
- ਕਿਸੇ ਸੰਖਿਆ ਨੂੰ ਵੱਖ-ਵੱਖ ਭਾਗਾਂ ਵਿੱਚ ਵੰਡਣਾ ।
- ਆਪਣੇ ਆਲੇ -ਦੁਆਲੇ ਦੇ ਨਮੂਨੇ ਪਹਿਚਾਨਣੇ ।
- ਦਹਾਈਆਂ ਦੀ ਗੁਣਾ ਅਤੇ ਭਾਗ ਨਾਲ਼ ਬਣੇ ਵੱਖ-ਵੱਖ ਨਮੂਨੇ ਦੀ ਪਹਿਚਾਣ ਕਰਨਾ।

## ਸ਼੍ਰੇਣੀ ਤੀਜੀ
## 6. ਵਾਤਾਵਰਨ ਸਿੱਖਿਆ

**ਉਦੇਸ਼**

**ਸਿੱਖਿਆਰਥੀ**

- ਆਲੇ ਦੁਆਲੇ ਦੀਆਂ ਆਮ ਵਸਤਾਂ, ਪੌਦਿਆਂ ਅਤੇ ਜਾਨਵਰਾਂ ਨੂੰ ਪਛਾਣਦਾ ਹੈ।
- ਸਬੰਧਤ ਵਾਤਾਵਰਨ ਦੇ ਵਿਭਿੰਨ ਵਰਤਾਰੇ ਨੂੰ ਵਾਚਣ, ਜਾਣਕਾਰੀ ਪ੍ਰਾਪਤ ਕਰਨ, ਵਰਗੀਕਰਨ, ਬਿਆਨਣ ਅਤੇ ਸਵੈ-ਪ੍ਰਗਟਾਵਾ ਕਰਨ ਦੀ ਯੋਗਤਾ ਰੱਖਦਾ ਹੈ ।
- ਉਹ ਸਵਸਥ ਜੀਵਨ - ਸ਼ੈਲੀ ਲਈ ਭੋਜਨ ਅਤੇ ਪਾਣੀ ਦੀ ਸੁੱਰਖਿਅਤ ਸਟੋਰੇਜ ਦੇ ਸਧਾਰਨ ਨਿਯਮਾਂ ਦੀ ਪਾਲਣਾ ਕਰਦਾ ਹੈ । ਕੂੜਾ ਸਹੀ ਢੰਗ ਨਾਲ਼ ਕੂੜੇਦਾਨ ਵਿੱਚ ਸੁਟਦਾ ਹੈ।
- ਸਵੈ ਅਤੇ ਆਲੇ-ਦੁਆਲੇ ਦੀ ਰੱਖਿਆ ਲਈ ਚੰਗੀਆਂ ਆਦਤਾਂ ਵਿਕਸਿਤ ਕਰ ਰਿਹਾ ਹੈ।
- ਉਹ ਡਰਾਇੰਗ, ਪੇਂਟਿੰਗ, ਨਾਚ-ਗਾਣੇ, ਬਾਗ਼ਬਾਨੀ, ਰੁੱਖ ਲਗਾਉਣ ਵਰਗੀਆਂ ਕਿਰਿਆਵਾਂ ਰਾਹੀਂ ਵਾਤਾਵਰਨ ਲਈ ਪ੍ਰੇਮ ਦਾ ਪ੍ਰਗਟਾਓ ਕਰਦਾ ਹੈ।
- ਸਾਰੇ ਪ੍ਰਾਣੀ ਜਗਤ ਨਾਲ਼ ਵਾਸਤਾ ਰੱਖ ਕੇ ਉਹਨਾਂ ਦੀ ਦੇਖਭਾਲ ਕਰਦਾ ਹੈ।
- ਵਾਤਾਵਰਨ ਦੀ ਸੰਭਾਲ ਲਈ ਲੋੜੀਂਦਾ ਵਤੀਰਾ ਰੱਖਦਾ ਹੈ।
- ਉਹ ਪ੍ਰਾਕਿਰਤੀ ਲਈ ਪਿਆਰ, ਜਾਨਵਰਾਂ ਦਾ ਆਦਰ ਕਰਨਾ, ਪੌਦਿਆਂ ਅਤੇ ਪ੍ਰਾਣੀਆਂ ਦੀ ਦੇਖਭਾਲ ਕਰਨੀ ਅਤੇ ਵਾਤਾਵਰਨ ਦੀ ਰੱਖਿਆ ਕਰਨ ਵਰਗੀਆਂ ਕਦਰਾਂ ਨੂੰ ਗ੍ਰਹਿਣ ਕਰਦਾ ਹੈ।

## ਸਿਲੇਬਸ

| | | |
|---|---|---|
| 1. | ਪਰਿਵਾਰ ਅਤੇ ਰਿਸ਼ਤੇ | ਪਰਿਵਾਰ ਦਾ ਸੰਕਲਪ, ਪਰਿਵਾਰ ਦੀਆਂ ਕਿਸਮਾਂ, ਪਰਿਵਾਰ ਇੱਕ ਸਹਿਯੋਗੀ ਢਾਂਚੇ ਵਜੋਂ, ਰਿਸ਼ਤਿਆਂ ਦੀ ਸਮਝ, ਪੁਸ਼ਤੈਨੀ ਖਾਕਾ (ਤਿੰਨ ਪੀੜ੍ਹੀਆਂ ਤੱਕ)। ਪਰਿਵਾਰਿਕ ਮੈਂਬਰਾਂ ਦੇ ਪ੍ਰਭਾਵ-ਸਰੀਰਕ ਲੱਛਣ, ਕਦਰਾਂ ਕੀਮਤਾਂ, ਆਦਤਾਂ, ਗੁਣ ਅਤੇ ਨਿਪੁੰਨਤਾਵਾਂ। ਸਿੱਖਿਆ ਦੇ ਅਧਿਕਾਰ ਪ੍ਰਤੀ ਸੰਵੇਦਨਸ਼ੀਲਤਾ। |
| 2. | ਦਾਦਾ ਜੀ ਜਦੋਂ ਜਵਾਨ ਸਨ..... | ਬਜ਼ੁਰਗਾਂ ਅਤੇ ਵਿਸ਼ੇਸ਼ ਲੋੜਾਂ ਵਾਲੇ ਵਿਅਕਤੀਆਂ (ਅੰਗਹੀਣਾਂ) ਬਾਰੇ ਸੰਵੇਦਨਸ਼ੀਲਤਾ, ਵੇਖਣ ਅਤੇ ਸੁਣਨ ਦੀਆਂ ਗਿਆਨ ਇੰਦਰੀਆਂ ਬਾਰੇ ਮੁੱਢਲੀ ਜਾਣਕਾਰੀ। ਸੰਕੇਤਕ ਭਾਸ਼ਾ ਅਤੇ ਬਰੇਲ ਲਿੱਪੀ ਬਾਰੇ ਮੁੱਢਲੀ ਜਾਣਕਾਰੀ। |
| 3. | ਸਾਡੇ ਸਹਿਯੋਗੀ ਕਿੱਤਾਕਾਰ | ਵੱਖ-ਵੱਖ ਕਿੱਤੇ, ਕੰਮ/ਵਿਹਲਾ ਸਮਾਂ,ਉਮਰ, ਲਿੰਗ ਅਤੇ ਆਰਥਿਕ ਸਥਿਤੀ ਮੁਤਾਬਿਕ ਘਰ ਦੇ ਅੰਦਰ ਤੇ ਬਾਹਰ ਕੰਮ-ਕਾਜ, ਬੱਚਿਆਂ ਦੁਆਰਾ ਮਜ਼ਦੂਰੀ। ਘਰ ਅਤੇ ਬਾਹਰ ਕੰਮ-ਕਾਜ ਕਰਨ ਵਾਲੇ ਬੱਚਿਆਂ ਪ੍ਰਤੀ ਸੰਵੇਦਨਸ਼ੀਲਤਾ ਪੈਦਾ ਕਰਨਾ। |
| 4. | ਆਓ ਖੇਡੀਏ | ਵਿਹਲ, ਅੱਜ ਅਤੇ ਪੁਰਾਤਨ ਸਮਿਆਂ ਦੌਰਾਨ ਸਥਾਨਕ ਅਤੇ ਪ੍ਰੰਪਰਾਗਤ ਖੇਡਾਂ, ਘਰ ਦੇ ਅੰਦਰ ਤੇ ਬਾਹਰ ਖੇਡੀਆਂ ਜਾਣ ਵਾਲੀਆਂ ਖੇਡਾਂ। |
| 5. | ਪੌਦੇ ਸਾਡੇ ਮਿੱਤਰ | ਬੱਚਿਆਂ ਦੀ ਪੌਦਿਆਂ ਬਾਰੇ ਜਾਣਕਾਰੀ। ਪੌਦਿਆਂ ਵਿੱਚ ਵਿਭਿੰਨਤਾ, ਓਹਨਾਂ ਦੇ ਉੱਗਣ-ਸਥਾਨ, ਆਕਾਰ, ਸ਼ਕਲ, ਰੰਗ ਅਤੇ ਸੁਗੰਧ ਆਦਿ; ਪੌਦਿਆਂ ਉੱਪਰ ਸਾਡੀ ਨਿਰਭਰਤਾ। ਨਵੇਂ ਪੌਦਿਆਂ ਬਾਰੇ ਜਾਣਕਾਰੀ। ਪੌਦਿਆਂ ਦੀ ਮਹੱਤਤਾ। |
| 6. | ਰੰਗ-ਬਰੰਗੇ ਪੱਤੇ | ਪੱਤਿਆਂ ਵਿੱਚ ਵਿਭਿੰਨਤਾ-ਆਕਾਰ, ਸ਼ਕਲ, ਰੰਗ, ਬਣਤਰ ਅਤੇ ਸੁਗੰਧ, ਰੁੱਤ ਅਨੁਸਾਰ ਪੱਤਿਆਂ ਦਾ ਝੜਨਾ, ਪੱਤਿਆਂ ਤੋਂ ਖਾਦ। |

| | | |
|---|---|---|
| 7. | ਜੰਤੂ ਇੱਕ ਜਾਣ ਪਹਿਚਾਣ | ਜੰਤੂਆਂ ਬਾਰੇ ਵਿਦਿਆਰਥੀਆਂ ਦੀ ਸਮਝ। ਤੁਹਾਡੇ ਆਲੇ-ਦੁਆਲੇ ਦੇ ਜੰਤੂਆਂ ਵਿੱਚ ਵਿਭਿੰਨਤਾ ਉਹਨਾਂ ਦਾ ਸਾਪੇਖੀ ਆਕਾਰ, ਉਹ ਕੀ ਖਾਂਦੇ ਹਨ ਤੇ ਕਿੱਥੇ ਰਹਿੰਦੇ ਹਨ। ਰੀਂਗਣ ਵਾਲੇ ਤੇ ਉੱਡਣ ਵਾਲੇ ਜੰਤੂਆਂ ਅਤੇ ਕੀਟਾਂ ਬਾਰੇ ਜਾਣ-ਪਛਾਣ। ਕੀਟਾਂ ਦੁਆਰਾ ਡੰਗ ਮਾਰਨਾ |
| 8. | ਪੰਛੀਆਂ ਦੀ ਦੁਨੀਆ | ਪੰਛੀਆਂ ਬਾਰੇ ਵਿਦਿਆਰਥੀਆਂ ਦਾ ਦ੍ਰਿਸ਼ਟੀਕੋਣ। ਉਹਨਾਂ ਦੇ ਰਹਿਣ-ਸਥਾਨ, ਕੀ ਖਾਂਦੇ ਹਨ, ਖੰਭ ਤੇ ਉਹਨਾਂ ਦੀਆਂ ਆਵਾਜਾਂ ਵਰਗੇ ਆਮ ਲੱਛਣ। ਪੰਛੀਆਂ ਨੂੰ ਭੋਜਨ ਦੇਣਾ। |
| 9. | ਭੋਜਨ ਪਕਾਈਏ ਅਤੇ ਖਾਈਏ | ਕੱਚਾ ਤੇ ਰਿੰਨ੍ਹਿਆ (ਉਬਾਲਿਆ, ਭੁੰਨਿਆ, ਬੇਕਰੀ ਦਾ ਤੇ ਤਲਿਆ) ਭੋਜਨ। ਦੁੱਧ ਦਾ ਮਹੱਤਵ। ਭੋਜਨ ਪਕਾਉਣ ਲਈ ਵਰਤੇ ਜਾਂਦੇ ਵੱਖ-ਵੱਖ ਤਰ੍ਹਾਂ ਦੇ ਬਾਲਣ, ਭੋਜਨ ਪਕਾਉਣ ਲਈ ਵਰਤੇ ਜਾਂਦੇ ਚੁਲ੍ਹਿਆਂ ਤੇ ਬਰਤਨਾਂ ਦੀ ਪਹਿਚਾਣ। ਭੋਜਨ ਵਿੱਚ ਸੱਭਿਆਚਾਰ ਅਨੁਸਾਰ ਭਿੰਨਤਾ, ਭੋਜਨ ਦੇ ਜ਼ਰੂਰੀ ਕੰਮ ਤੇ ਪੋਸ਼ਕ ਤੱਤ। |
| 1●. | ਪਰਿਵਾਰ ਅਤੇ ਜਾਨਵਰ | ਲਿੰਗ, ਉਮਰ ਤੇ ਸਰੀਰਕ ਕਾਰਜਾਂ ਅਨੁਸਾਰ ਭੋਜਨ ਦੀ ਮਾਤਰਾ। ਭੋਜਨ ਵੱਜੋਂ ਵਰਤੇ ਜਾਂਦੇ ਪੌਦਿਆਂ ਬਾਰੇ ਮੁੱਢਲੀ ਜਾਣਕਾਰੀ। ਜੰਤੂਆਂ ਤੋਂ ਭੋਜਨ, ਪਾਲਤੂ ਤੇ ਜੰਗਲੀ ਜਾਨਵਰਾਂ ਦਾ ਭੋਜਨ। ਪਾਲਤੂ ਜੰਤੂਆਂ ਦੀ ਦੇਖਭਾਲ। |
| 11. | ਸਾਡਾ ਆਵਾਸ | ਸਾਡਾ ਘਰ/ ਨਿਵਾਸ-ਸਥਾਨ। ਘਰ ਦਾ ਅਰਥ ਨਿਵਾਸ-ਸਥਾਨ ਦੀ ਲੋੜ। ਘਰਾਂ ਦੀ ਸਜਾਵਟ। ਕੂੜੇ-ਕਰਕਟ ਦਾ ਨਿਪਟਾਰਾ। ਘਰਾਂ ਦੀਆਂ ਕਿਸਮਾਂ। ਘਰ ਬਣਾਉਣ ਲਈ ਵਰਤੇ ਜਾਂਦੇ ਪਦਾਰਥ। |
| 12. | ਸਾਡਾ ਆਂਢ ਗੁਆਢ | ਗੁਆਂਢ ਦਾ ਅਰਥ, ਗੁਆਂਢ। ਆਢ ਗੁਆਂਢ ਦਾ ਅਰਥ/ ਨਕਸ਼ਾ ਬਣਾ ਕੇ ਦੂਰੀ ਤੇ ਦਿਸ਼ਾ ਦਾ ਅੰਦਾਜ਼ਾ ਲਗਾਉਣ। |
| 13. | ਪਾਣੀ ਜੀਵਨ ਦਾ ਆਧਾਰ | ਪਾਣੀ ਦਾ ਮਹੱਤਵ, ਪਾਣੀ ਦੀ ਲੋੜ ਅਤੇ ਮਹੱਤਤਾ, ਪਾਣੀ ਨਾਲ ਹੋਣ ਵਾਲੇ ਕਾਰਜ, ਮਨੁੱਖ ਜੀਵ-ਜੰਤੂਆਂ ਅਤੇ ਪੌਦਿਆਂ ਲਈ ਪਾਣੀ ਦੀ ਲੋੜ। |
| 14. | ਪਾਣੀ ਦੇ ਸ੍ਰੋਤ | ਧਰਤੀ ਹੇਠ ਪਾਣੀ, ਸਤਰੰਗੀ ਪੀਘ, ਪਾਣੀ ਦੀ ਸੰਜਮ ਨਾਲ ਵਰਤੋਂ। |
| 15. | ਸ੍ਰੀ ਅਮ੍ਰਿਤਸਰ ਸਾਹਿਬ ਦਾ ਟੂਰ | ਆਵਾਜਾਈ ਦੀ ਲੋੜ। ਆਪਣੇ ਨਿਵਾਸ ਦੇ ਨੇੜੇ ਜਾਂ ਦੂਰ ਜਾਣਾ। ਵੱਖ-ਵੱਖ ਸਥਾਨਾਂ ਦੀ ਯਾਤਰਾ। ਆਵਾਜਾਈ ਦੇ ਵੱਖ-ਵੱਖ ਸਾਧਨ ਜੋ ਥੋੜੀ ਅਤੇ ਅਧਿੱਕ ਦੂਰੀ ਲਈ ਵਰਤੇ ਜਾਂਦੇ ਹਨ। ਆਵਾਜਾਈ ਦੇ ਨਵੀਨਤਮ ਸਾਧਨ, ਰੇਲਵੇ ਸਟੇਸ਼ਨ ਉੱਪਰ ਕੰਮ ਕਰਦੇ ਵੱਖ-ਵੱਖ ਕਰਮਚਾਰੀ। |
| 16. | ਪੰਖੜੀ ਦੇ ਸੰਦੇਸ਼ | ਚਿੱਠੀ-ਸੰਚਾਰ ਦੇ ਇੱਕ ਮਾਧਿਅਮ ਦੇ ਰੂਪ ਵਿੱਚ। ਡਾਕ-ਘਰ ਵਿਚਲੇ ਕੰਮ ਤੇ ਸਬੰਧਤ ਕਰਮਚਾਰੀ। ਸੰਚਾਰ ਦੇ ਵੱਖ ਵੱਖ ਸਾਧਨ। |
| 17. | ਫੁੱਲਾਂ ਵਾਲੀ ਫਰਾਕ | ਭਿੰਨ-ਭਿੰਨ ਕਿਸਮ ਦੇ ਕੱਪੜੇ। ਕਪੱੜਾ ਉਦਯੋਗ ਵਿੱਚ ਵਰਤੇ ਜਾਂਦੇ ਰੰਗ ਅਤੇ ਨਮੂਨੇ। ਰੰਗਾਂ ਤੇ ਸਬਜੀਆਂ ਦੇ ਠੱਪਿਆਂ ਨਾਲ ਛਪਾਈ। |
| 18. | ਮਿੱਟੀ ਦੇ ਖਿਡੌਣੇ | ਮਿੱਟੀ ਦੇ ਬਰਤਨ ਬਣਾਉਣੇ- ਮਿੱਟੀ ਨੂੰ ਗੁੰਨ੍ਹਣਾ, ਆਕਾਰ ਦੇਣਾ, ਸੁਕਾਉਣਾ ਅਤੇ ਰੰਗ ਕਰਨਾ। ਮਿੱਟੀ ਦੇ ਬਰਤਨਾਂ ਦਾ ਉਪਯੋਗ । ਚੀਕਣੀ ਮਿੱਟੀ ਤੋਂ ਬਰਤਨ ਬਣਾਉਣ ਦਾ ਅਨੁਭਵ। |
| 19. | ਡਿਜੀਟਲ ਉਪਕਰਨ | ਬਿਜਲਈ ਮਸ਼ੀਨਾਂ-ਰੇਡੀਓ,ਟੈਲੀਵਿਜ਼ਨ, ਫਰਿੱਜ,ਪ੍ਰੈੱਸ,ਕੈਮਰਾ, ਮੋਬਾਇਲ ਫੋਨ, ਕੱਪੜੇ ਧੋਣ ਦੀ ਮਸ਼ੀਨ, ਕੰਪਿਊਟਰ। |

## ਸ਼੍ਰੇਣੀ- ਤੀਜੀ

## 7. ਸਿਹਤ ਅਤੇ ਸਰੀਰਿਕ ਸਿੱਖਿਆ

**ਨੋਟ :**

(1) ਨਿਸ਼ਚਿਤ ਪਾਠ-ਕ੍ਰਮ ਨੂੰ ਅਧਿਆਪਕ ਆਪਣੀ ਸੂਝ ਅਤੇ ਕਲਪਨਾ ਨਾਲ਼ ਲਾਗੂ ਕਰੇ। ਕ੍ਰਿਆਵਾਂ ਅਤੇ ਖੇਡ ਸਮੱਗਰੀ ਦੇ ਨਾਲ਼-ਨਾਲ਼ ਬੱਚਿਆਂ ਦੀ ਰੁਚੀ ਤੇ ਉਤਸ਼ਾਹ ਨੂੰ ਧਿਆਨ ਵਿੱਚ ਰੱਖੇ।

(2) ਕਿਉਂਕਿ ਛੇ ਤੋਂ ਨੌ ਸਾਲ ਦੀ ਉਮਰ ਦੇ ਬੱਚਿਆਂ ਲਈ ਖੇਡ ਕ੍ਰਿਆਵਾਂ ਵਿੱਚ ਕੋਈ ਵਿਸ਼ੇਸ਼ ਅੰਤਰ ਨਹੀਂ ਹੁੰਦਾ, ਇਸ ਲਈ ਪਹਿਲੀ ਤੋਂ ਤੀਜੀ ਸ਼ੇਣੀ ਤੱਕ ਦਾ ਪਾਠ-ਕ੍ਰਮ ਇਕੱਠਾ ਹੀ ਬਣਾਇਆ ਗਿਆ ਹੈ।

### ਪਹਿਲੀ ਤੋਂ ਤੀਜੀ ਸ਼੍ਰੇਣੀ

**(1) ਹਰਕਤਾਂ**

(ੳ) ਮੂਲ ਹਰਕਤਾਂ

| | |
|---|---|
| ਤੁਰਨਾ | ਛਾਲ ਮਾਰਨਾ ਜਾਂ ਕੁੱਦਣਾ ਝੁਕਣਾ |
| ਦੌੜਨਾ | ਧੱਕਣਾ, ਧਕੇਲਣਾ ਤਾੜੀ ਵਜਾਉਣਾ ਰੱਸੀ ਟੱਪਣਾ |
| ਝੂਲਣਾ | ਸਿੱਧੀ ਲੇਟਣੀ, ਪੁੱਠੀ ਲੇਟਣੀ |

(ਅ ) ਸ਼ੇਰ ਅਤੇ ਬਾਂਦਰ ਵਰਗੇ ਜਾਨਵਰਾਂ ਦੀ ਨਕਲ ਉਤਾਰਨਾ

**(2) ਖੇਡਾਂ ਦੀਆਂ ਮੁੱਢਲੀਆਂ ਕੁਸ਼ਲਤਾਵਾਂ**

| | | |
|---|---|---|
| ਟੱਪਾ ਪਾਉਣਾ | ਸੰਤੁਲਨ ਰੱਖਣਾ, ਕ੍ਰਿਕਟ ਬਾਲ ਜਾਂ ਹਾਕੀ ਬਾਲ ਨੂੰ ਸੁੱਟਣਾ ਅਤੇ ਬੋਚਣਾ | |
| ਕਿੱਕ ਮਾਰਨਾ | ਰੇੜ੍ਹ ਕੇ ਲੈ ਜਾਣਾ, | ਛਾਲ ਮਾਰਨਾ |
| ਚੜ੍ਹਨਾ | ਝਕਾਨੀ ਦੇਣਾ | ਭੱਜਣਾ ਦੌੜਨਾ |

**(3) ਛੋਟੀਆਂ ਖੇਡਾਂ;**

ਅਧਿਆਪਕ ਆਪਣੀ ਸੂਝ ਅਤੇ ਕਲਪਨਾ ਅਨੁਸਾਰ ਵਿਦਿਆਰਥੀ ਨੂੰ ਖੇਡਾਂ ਕਰਵਾ ਸਕਦਾ ਹੈ।